**Proceedings of the meeting of the Commission held on 30-12-2020 under the Chairmanship of Prof. Emanual Nahar, Chairman.**

ਮੀਟਿੰਗ ਵਿਚ ਹੇਠ ਲਿਖੇ ਅਧਿਕਾਰੀ/ਮੈਂਬਰ ਸ਼ਾਮਲ ਹੋਏ :-

1. ਸ੍ਰੀ ਮੁਹੰਮਦ ਰਫੀ : ਸੀਨੀਅਰ ਵਾਈਸ-ਚੇਅਰਮੈਨ
2. ਸ੍ਰੀ ਹੰਸ ਰਾਜ : ਵਾਈਸ-ਚੇਅਰਮੈਨ
3. ਸ੍ਰੀ ਅਹਿਮਦ ਅੱਲੀ ਗੁੱਡੂ : ਮੈਂਬਰ
4. ਸ੍ਰੀ ਗੁਲਾਮ ਹੁਸੈਨ : ਮੈਂਬਰ
5. ਸ੍ਰੀ ਸ਼ੇਰ ਖਾਨ : ਮੈਂਬਰ
6. ਸ੍ਰੀ ਬਹਾਦਰ ਖਾਨ : ਮੈਂਬਰ
7. ਸ੍ਰੀ ਨਾਸਿਰ ਹਸਨ ਸਲਮਾਨੀ : ਮੈਂਬਰ
8. ਸ੍ਰੀ ਸਲਿਲ ਕੁਮਾਰ ਮੈਂਬਰ : ਮੈਂਬਰ
9. ਸ੍ਰੀ ਲਾਲ ਹੁਸੈਨ ਮੈਂਬਰ : ਮੈਂਬਰ

ਚੇਅਰਮੈਨ ਜੀ ਵੱਲੋਂ ਮੀਟਿੰਗ ਵਿਚ ਸ਼ਾਮਲ ਹੋਏ ਅਧਿਕਾਰੀਆਂ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ ਅਤੇ ਮੀਟਿੰਗ ਵਿਚ ਅੰਜਡੇ ਅਨੁਸਾਰ ਮਾਮਲੇ ਵਿਚਾਰੇ ਗਏ ।

**Agenda Item No.1** **ਮੁਸਲਿਮ ਭਾਈਚਾਰੇ ਵਿਚ ਸਲਮਾਨੀ ਭਾਈਚਾਰੇ ਦੇ ਪੱਛੜੀ ਸ੍ਰੇਣੀ ਦੇ ਸਰਟੀਫੀਕੇਟ ਜ਼ਾਰੀ ਕਰਨ ਸਬੰਧੀ।**

**PSMC, Resolution (Decision) dated 30.12.20**

ਸਲਮਾਨੀ ਭਾਈਚਾਰਾ, ਜਲੰਧਰ ਨੇ ਕਮਿਸ਼ਨ ਨੂੰ ਲਿਖਿਆ ਹੈ ਕਿ ਮੁਸਲਿਮ ਸਲਮਾਨੀ ਭਾਈਚਾਰਾ ਪੱਛੜੀਆਂ ਸ੍ਰੇਣੀਆਂ ਵਿਚ ਆਉਂਦਾ ਹੈ ਪਰੰਤੂ ਲੋਕਾਂ ਨੂੰ ਪੱਛੜੀ ਸ੍ਰੇਣੀ ਦਾ ਸਰਟੀਫੀਕੇਟ ਬਣਵਾਉਣ ਵਿਚ ਦਿੱਕਤਾਂ ਦਾ ਸਹਾਮਣਾ ਕਰਨਾ ਪੈਂਦਾ ਹੈ। ਇਹ ਸਰਟੀਫੀਕੇਟ ਨਾਈ ਜਾਂ ਹਜਾਮ ਦੇ ਤੌਰ ਤੇ ਬਣਦੇ ਹਨ। ਇਸ ਲਈ ਸਲਮਾਨੀ ਭਾਈਚਾਰੇ ਨੂੰ ਪੱਛੜੀ ਸ੍ਰੇਣੀ ਦੀ ਲਿਸਟ ਵਿਚ ਸ਼ਾਮਲ ਕੀਤਾ ਜਾਵੇ। ਇਸ ਮਾਮਲੇ ਬਾਰੇ ਅਧਿਕਾਰੀਆਂ ਅਤੇ ਮੈਂਬਰਾਂ ਨੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ । ਚੇਅਰਮੈਨ ਵੱਲੋਂ ਦਸਿਆ ਗਿਆ ਕਿ ਪੰਜਾਬ ਵਿਚ ਘੱਟ ਗਿਣਤੀ ਭਾਈਚਾਰਿਆਂ ਲਈ ਨੌਕਰੀਆਂ ਵਿਚ ਕੁੱਝ ਪ੍ਰਤੀਸ਼ਤ ਰਿਜ਼ਰਵੇਸ਼ਨ ਦੇਣ ਲਈ ਮਾਨਯੋਗ ਮੁੱਖ ਮੰਤਰੀ ਜੀ ਨਾਲ ਜ਼ਲਦ ਹੀ ਮੀਟਿੰਗ ਕੀਤੀ ਜਾਵੇਗੀ। ਸਹਿਮਤੀ ਨਾਲ ਫੈਸਲਾ ਲਿਆ ਗਿਆ ਕਿ ਮਾਨਯੋਗ ਮੁੱਖ ਮੰਤਰੀ ਜੀ ਨਾਲ ਮੀਟਿੰਗ ਤੋਂ ਬਾਅਦ ਇਸ ਮਾਮਲੇ ਨੂੰ ਵਿਚਾਰਿਆ ਜਾਵੇਗਾ।

**Contd.. ...**

**Agenda Item No. 2 Nomination of Minority Communities as a Member of Distt. Level Committees constituted regarding implementation of Prime Minister's 15 Point Programme for the Welfare of Minorities .**

**PSMC, Resolution (Decision) dated 30.12.20**

ਮੀਟਿੰਗ ਵਿਚ ਮਤਾ ਪਾਸ ਕੀਤਾ ਗਿਆ ਕਿ ਘੱਟ ਗਿਣਤੀਆਂ ਦੀ ਭਲਾਈ ਲਈ ਪ੍ਰਧਾਨ ਮੰਤਰੀ 15 ਨੁਕਾਤੀ ਪ੍ਰੋਗਰਾਮ ਅਧੀਨ ਚੱਲ ਰਹੀਆਂ ਸਕੀਮਾਂ ਦੀ ਸਮੀਖਿਆ ਕਰਨ ਲਈ ਰਾਜ ਤੇ ਹਰ ਇਕ ਜ਼ਿਲੇ ਵਿਚ ਇਕ 5 ਮੈਂਬਰੀ ਕਮੇਟੀ ਦਾ ਗਠਨ ਕੀਤਾ ਜਾਵੇ ਜਿਸ ਵਿਚ ਘੱਟ ਗਿਣਤੀ ਭਾਈਚਾਰੇ ਦੇ ਨੁੰਮਾਇਦੇ ਸ਼ਾਮਲ ਕੀਤੇ ਜਾਣ ਅਤੇ ਕਮਿਸ਼ਨ ਦਾ ਇਕ ਮੈਂਬਰ ਵੀ ਸ਼ਾਮਲ ਕੀਤਾ ਜਾਵੇ। ਇਸ ਸਬੰਧ ਵਿਚ ਸੀਨੀਅਰ ਵਾਈਸ-ਚੇਅਰਮੈਨ, ਵਾਈਸ-ਚੇਅਰਮੈਨ ਅਤੇ ਮੈਂਬਰਾਂ ਵੱਲੋਂ ਕਮੇਟੀਆਂ ਲਈ ਨੁੰਮਾਇਦੇ ਦਾ ਨਾਮ ਪਤਾ ਅਤੇ ਮੋਬਾਇਲ ਨੰਬਰ ਦਫਤਰ ਨੂੰ ਭੇਜਿਆ ਜਾਵੇਗਾ।

**Agenda Item No. 3 ਕਮਿਸ਼ਨ ਦੇ ਕਰਮਚਾਰੀਆਂ ਦੀ ਸੰਤਬਰ, ਅਕਤੂਬਰ ਅਤੇ ਨੰਵਬਰ ਦੀ ਤਨਖਾਹ ਆਰਜ਼ੀ ਤੌਰ ਤੇ ਦੀ ਗ੍ਰਾਂਟ-ਇੰਨ-ਏਡ (ਦਫਤਰੀ ਖਰਚਿਆਂ) ਵਿਚੋਂ ਜ਼ਾਰੀ ਕਰਨ ਦੀ ਕਾਰਜ਼ ਬਾਅਦ ਪ੍ਰਵਾਨਗੀ।**

**PSMC, Resolution (Decision) dated 30.12.20**

ਕਮਰਚਾਰੀਆਂ ਦੀ ਪ੍ਰੇਸ਼ਾਨੀ ਨੂੰ ਮੁੱਖ ਰਖੱਦੇ ਹੋਏ 03 ਮਹੀਨੇ ਦੀ ਤਨਖਾਹ ਕਮਿਸ਼ਨ ਦੇ ਬੈਂਕ ਖਾਤੇ ਵਿਚ ਜਮ੍ਹਾਂ ਤਕਰੀਬਨ 5 ਲੱਖ ਰੁਪਏ ਦਫਤਰੀ ਖਰਚਿਆਂ ਦੀ ਰਕਮ ਵਿਚੋਂ ਆਰਜ਼ੀ ਤੌਰ ਤੇ ਤਨਖਾਹ ਦੇਣ ਦੀ ਪ੍ਰਵਾਨਗੀ ਦਿੱਤੀ ਗਈ। ਤਨਖਾਹ ਦੇ ਬਿੱਲ ਪਾਸ ਹੋਣ ਉਪਰੰਤ ਇਹ ਰਕਮ ਦਫਤਰੀ ਖਰਚਿਆਂ ਵਿਚ ਅਡਜਸਟ ਕੀਤੀ ਜਾਵੇ।

**Agenda Item No. 4. Approval of names for the appointment of Christian Marriage Registrar under The Indian Christian Marriage Act, 1872.**

**PSMC, Resolution (Decision) dated 30.12.20**

ਕਮਿਸ਼ਨ ਨੂੰ ਵੱਖ ਵੱਖ ਜ਼ਿਲਿਆਂ ਵਿਚੋਂ ਕਈ ਵਿਅਕਤੀਆਂ ਦੁਆਰਾ ਕ੍ਰਿਸਚੀਅਨ ਮੈਰਿਜ ਰਜਿਸਟਰਾਰ ਨਿਯੁਕਤ ਹੋਣ ਲਈ ਕਮਿਸ਼ਨ ਨੂੰ ਆਪਣੇ ਬੇਨਤੀ ਪਤੱਰ ਭੇਜੇ ਹਨ। The Indian Christian Marriage Act, 1872, section 7 ਅਨੁਸਾਰ State Government ਵੱਲੋਂ ਹਰ ਇਕ ਜ਼ਿਲੇ ਵਿਚ ਇਕ ਜਾਂ ਇਕ ਤੋਂ ਵੱਧ ਕ੍ਰਿਸਚੀਅਨ ਮੈਰਿਜ ਰਜਿਸਟਰਾਰ ਨਿਯੁਕਤ ਕੀਤਾ ਜਾ ਸਕਦਾ। ਮੀਟਿੰਗ ਵਿਚ ਮਤਾ ਪਾਸ ਕੀਤਾ ਕਿ ਕੇਵਲ ਬੀ.ਏ.ਪਾਸ ( ਗਰੈਜ਼ੁਏਟ) ਜਾਂ ਇਸ ਤੋਂ ਉਪਰ ਦੀ ਵਿਦਿਅਕ ਯੋਗਤਾ ਰੱਖਣ ਵਾਲੇ ਬੇਨਤੀਕਾਰਾਂ ਦੇ ਨਾਮ ਸਥਾਨਕ ਸਰਕਾਰ ਵਿਭਾਗ ( ਸਬੰਧਤ ਵਿਭਾਗ ) ਨੂੰ ਵਿਚਾਰਨ ਲਈ ਭੇਜ ਦਿੱਤੇ ਜਾਣ।

**Agenda Item No. 5 Approval for printing of Booklet on Welfare Schemes and Programmes for minorities.**

**PSMC, Resolution (Decision) dated 30.12.20**

ਕਮਿਸ਼ਨ ਵੱਲੋਂ ਇਹ ਵੇਖਣ ਵਿਚ ਆਇਆ ਹੈ ਕਿ ਘੱਟ ਗਿਣਤੀ ਭਾਈਚਾਰਿਆਂ ਜਿਵੇ ਕਿ ਇਸਾਈ, ਮੁਸਲਿਮ, ਜੈਨ, ਬੋਧੀ ਅਤੇ ਪਾਰਸੀ ਦੇ ਬਹੁੱਤ ਜ਼ਿਆਦਾ ਗਿਣਤੀ ਵਿਚ ਲੋਕਾਂ ਨੂੰ ਇਹ ਜਾਣਕਾਰੀ ਹੀ ਨਹੀਂ ਹੈ ਕਿ ਸਰਕਾਰ ਦੁਆਰਾ ਉਹਨਾਂ ਨੂੰ ਕੀ ਲਾਭ ਅਤੇ ਸਹੂਲਤਾਂ ਦਿੱਤੀਆਂ ਜਾਦੀਆਂ ਅਤੇ ਉਹਨਾਂ ਦੀ ਭਲਾਈ ਲਈ ਕਿਹੜੀਆਂ-ਕਿਹੜੀਆਂ ਸਕੀਮਾਂ ਲਾਗੂ ਹਨ। ਇਸ ਲਈ ਇਹ ਬਹੁੱਤ ਜ਼ਰੂਰੀ ਸਮਝਿਆ ਗਿਆ ਕਿ ਘੱਟ ਗਿਣਤੀ ਦੇ ਆਮ ਲੋਕਾਂ ਤੱਕ ਜਾਣਕਾਰੀ ਪਹੁੰਚਾਉਣ ਲਈ ਅਜਿਹੀ ਬੁਕਲੈਟ ਤਿਆਰ ਕੀਤੀ ਜਾਵੇ ਜਿਸ ਵਿਚ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਭਲਾਈ ਸਕੀਮਾਂ ਦੇ ਵੇਰਵਾ ਹੋਵੇ। ਇਸ ਲਈ ਕਮਿਸ਼ਨ ਦੁਆਰਾ ਇਕ ਬੁੱਕਲੈਟ ਦਾ ਖਰੜਾ ਅੰਗਰੇਜ਼ੀ/ਪੰਜਾਬੀ ਵਿਚ ਤਿਆਰ ਕੀਤਾ ਗਿਆ ਹੈ, ਜਿਸ ਵਿਚ ਸਕੀਮਾਂ ਦਾ ਵੇਰਵਾ ਅਤੇ ਕਮਿਸ਼ਨ ਦੇ ਕੰਮ ਕਾਜ਼ ਅਤੇ ਘੱਟ ਗਿਣਤੀਆਂ ਦੇ ਸੰਵਿਧਾਨਿਕ ਅਧਿਕਾਰਾਂ/ਹੱਕਾਂ ਦਾ ਵਿਸਥਾਰ ਦਿੱਤਾ ਗਿਆ ਹੈ। ਬੁੱਕਲੈਟ ਲੋਕਾਂ ਦੀ ਜਾਣਕਾਰੀ ਲਈ ਬਹੁੱਤ ਹੀ ਸਹਾਈ ਹੋਵੇਗੀ। ਬੁਕਲੈਟ ਦੀਆਂ 1000 ਕਾਪੀਆਂ ਦੀ ਛਪਾਈ ਤੇ ਤਕਰੀਬਨ 40,000 ਤੋ 45,000 ਰੁਪਏ ਤੱਕ ਦਾ ਖਰਚਾ ਆਉਣ ਦੀ ਸੰਭਾਵਨਾ ਹੈ। ਜੋ ਓਪਨ ਮਾਰਕੀਟ ਤੋਂ ਕੁਟੇਸ਼ਨਾਂ ਪ੍ਰਾਪਤ ਕਰਕੇ ਛਪਵਾਈਆਂ ਜਾਣਗੀਆਂ ।

ਮੀਂਟਿਗ ਵਿਚ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਘੱਟ ਗਿਣਤੀ ਭਾਈਚਾਰਿਆਂ ਲਈ ਭਲਾਈ ਸਕੀਮਾਂ ਸਬੰਧੀ ਤਿਆਰ ਕੀਤੀ ਗਈ ਬੁਕਲੈਟ ਦੀਆਂ 1000 ਕਾਪੀਆਂ ਛਪਵਾ ਲਈਆਂ ਜਾਣ। ਇਸ ਤੇ ਆਉਣ ਵਾਲਾ ਖਰਚਾ ਐਸ.ਓ.ਈ 36 ਵਿਚ ਉਪਲਭੱਧ ਬਜ਼ਟ ਵਿਚੋਂ ਕੀਤਾ ਜਾਵੇਗਾ।

**Agenda Item No. 6 ਐਲ.ਈ.ਡੀ ਟੈਲੀਵੀਜ਼ਨ ਖਰੀਦਣ ਦੀ ਪ੍ਰਵਾਨਗੀ ।**

**PSMC, Resolution (Decision) dated 30.12.20**

ਦੇਸ਼ ਅਤੇ ਰਾਜ ਵਿਚ ਘੱਟ ਗਿਣਤੀ ਲੋਕਾਂ ਇਸਾਈ, ਮੁਸਲਿਮ, ਜੈਨ, ਬੋਧੀ, ਪਾਰਸੀ ਅਤੇ ਸਿੱਖ ਭਾਈਚਾਰੇ ਨਾਲ ਸਬੰਧਤ ਮਾਮਲਿਆਂ ਬਾਰੇ ਕਈ ਵਾਰ ਖਬਰਾਂ ਦੇ ਵੱਖ ਵੱਖ ਚੈਨਲਾਂ ਤੇ ਖਬਰਾਂ ਚਲਦੀਆਂ ਹਨ ਅਤੇ ਡੀਬੇਟ ਆਦਿ ਵੀ ਹੁੰਦੀ ਰਹਿੰਦੀ ਹੈ। ਖਬਰਾਂ ਅਨੁਸਾਰ ਕਈ ਵਾਰ ਤੁਰੰਤ ਕਾਰਵਾਈ ਦੀ ਲੋੜ ਪੈਂਦੀ ਹੈ। ਇਸ ਤੋਂ ਇਲਾਵਾ ਦੇਸ਼ ਅਤੇ ਰਾਜ ਵਿਚ ਹੋਰ ਮਹੱਤਵ ਪੂਰਨ ਚਲਦੇ ਮਾਮਲਿਆਂ ਬਾਰੇ ਵੀ ਚੈਨਲਾਂ ਤੇ ਖਬਰਾਂ ਚਲਦੀਆਂ ਹਨ। ਇਸ ਲਈ ਇਹਨਾਂ ਦੀ ਜਾਣਕਾਰੀ ਲਈ

ਦਫਤਰ ਵਿਚ ਟੀ.ਵੀ. ਹੋਣਾ ਜ਼ਰੂਰੀ ਹੈ। ਇਸ ਲਈ ਇਹ ਮਹਿਸੂਸ ਕੀਤਾ ਗਿਆ ਕਿ ਚੇਅਰਮੈਨ ਦੇ ਦਫਤਰੀ ਕਮਰੇ ਵਿਚ ਐਲ.ਈ..ਡੀ. ਟੈਲੀਵੀਜ਼ਨ ਲਗਾਇਆ ਜਾਵੇ, ਇਹ GEM Portal ਤੇ ਉਪਲਭੱਧ ਹੈ। ਸਰਬਸੰਮਤੀ ਨਾਲ ਮਤਾ ਪਾਸ ਕੀਤਾ ਕਿ ਕਮਿਸ਼ਨ ਲਈ ਐਲ.ਈ.ਡੀ ਟੈਲਵੀਜ਼ਨ ਦੀ ਖਰੀਦ ਕਰ ਲਈ ਜਾਵੇ ਇਹ ਖਰਚਾ ਦਫਤਰੀ ਖਰਚਿਆਂ ਵਿਚੋ ਕੀਤਾ ਜਾਵੇਗਾ।

**Agenda Item No. 7 ਚੇਅਰਮੈਨ ਅਤੇ ਦਫਤਰ ਲਈ ਅਖਬਾਰਾਂ ਖਰੀਦਣ ਦੀ ਪ੍ਰਵਾਨਗੀ।**

**PSMC, Resolution (Decision) dated 30.12.20**

ਘੱਟ ਗਿਣਤੀ ਲੋਕਾਂ ਨਾਲ ਹੋ ਰਹੀਆਂ ਵਧੀਕੀਆਂ ਬਾਰੇ ਅਤੇ ਵੱਖ ਵੱਖ ਰਾਜਾਂ ਦੀਆਂ ਸਰਕਾਰਾਂ ਵੱਲੋਂ ਇਹਨਾਂ ਨੂੰ ਦਿੱਤੇ ਜਾਂਦੀਆਂ ਸਹੂਲਤਾਂ/ਸਕੀਮਾਂ ਬਾਰੇ ਵੱਖ ਵੱਖ ਅਖਬਾਰਾਂ ਵਿਚ ਖਬਰਾਂ ਪ੍ਰਕਾਸ਼ਤ ਹੁੰਦੀਆਂ ਰਹਿਦੀਆਂ ਹਨ । ਚੇਅਰਮੈਨ ਜੀ ਨੇ ਆਦੇਸ਼ ਦਿੱਤੇ ਹਨ ਕਿ ਉਹਨਾਂ ਜਾਣਕਾਰੀ ਲਈ, ਦਫਤਰ ਦੀ ਜਾਣਕਾਰੀ ਲਈ ਅਤੇ ਖਬਰਾਂ ਦੇ ਸਬੰਧ ਵਿਚ ਲੋੜੀਂਦੀ ਕਾਰਵਾਈ ਕਰਨ ਦੇ ਮਕਸਦ ਦੇ ਨਾਲ ਅਖਬਾਰਾਂ ਦੀ ਬਹੁੱਤ ਲੋੜ ਹੈ। ਜੂਨ ਅਤੇ ਜੁਲਾਈ, 2020 ਦੌਰਾਨ The Tribune, Indian Express, Hindu, Dainik Bhaskar, and Amar Ujala ਖਰੀਦੇ ਗਏ। ਮਹੀਨਾ ਅਗਸਤ ਤੋਂ ਚਾਰ ਅਖਬਾਰ The Tribune, Indian Express, Dainik Bhaskar and Ajit Punjabi ਅਖਬਾਰ ਲਗਾਏ ਹਨ। ਇਸ ਲਈ ਸਰਬਸੰਮਤੀ ਨਾਲ ਜੂਨ, ਜੁਲਾਈ ਵਿਚ ਖਰੀਦ ਕੀਤੀਆਂ ਉਪਰੋਕਤ 05 ਅਖਬਾਰ ਅਤੇ ਅਗਸਤ, 2020 ਤੋਂ 04 ਅਖਬਾਰ ਖਰੀਦਣ ਦੀ ਕਾਰਜ਼ ਬਾਅਦ ਪ੍ਰਵਾਨਗੀ ਦਿੱਤੀ ਗਈ ਅਤੇ ਅੱਗੇ ਤੋਂ 04 ਅਖਬਾਰ ਪੱਕੇ ਤੌਰ ਤੇ ਖਰੀਦਣ ਦੀ ਪ੍ਰਵਾਨਗੀ ਦਿੱਤੀ ਗਈ।

**Agenda Item No. 8 : Legal Advisers engage ਕਰਨ ਦੀ ਪ੍ਰਵਾਨਗੀ।**

**PSMC, Resolution (Decision) dated 30.12.20**

ਕਮਿਸ਼ਨ ਦੇ ਕਿਸੇ ਵੀ ਮਾਮਲੇ ਜਾਂ ਕੋਰਟ ਕੇਸ ਵਿਚ ਕਈ ਵਾਰ ਕਾਨੂੰਨ ਸਲਾਹ ਦੀ ਲੋੜ ਪੈਂਦੀ ਹੈ। ਇਸ ਲਈ ਕਮਿਸ਼ਨ ਵੱਲੋ ਲੋੜ ਪੈਣ ਤੇ ਮੁੱਫਤ ਸੇਵਾਵਾਂ ਦੇਣ ਵਾਲੇ ਲੀਗਲ ਅਡਵਾਇਜ਼ਰ ( ਵਕੀਲ) ਇੰਨਗੇਜ਼ ਕਰਨੇ ਬਹੁੱਤ ਲੋੜੀਂਦੇ ਹਨ। ਕਈ ਵਕੀਲਾਂ ਨੇ ਇਸ ਕੰਮ ਲਈ ਮੁੱਫਤ ਸੇਵਾਵਾਂ ਦੇਣ ਦੀ ਸਹਮਿਤੀ ਦਿੱਤੀ ਹੈ। ਸਰਬਸੰਮਤੀ ਨਾਲ ਫੈਸਲਾ ਲਿਆ ਕਿ ਜੋ ਵਿਅਕਤੀ/ਵਕੀਲ ਮੁੱਫਤ ਸੇਵਾਵਾਂ ਦੇਣ ਲਈ ਸਹਿਮਤ ਹੈ ਉਸ ਨੂੰ ਕਾਨੂੰਨੀ ਸਲਾਹਕਾਰ Legal Adviser engage ਕਰ ਲਿਆ ਜਾਵੇ, ਤਾਂ ਜੋਂ ਕਮਿਸ਼ਨ ਨੂੰ ਕਿਸੇ ਕਿਸਮ ਦੀ ਕਾਨੂੰਨੀ ਅੜਚਨ ਦਾ ਸਮਹਾਣਾ ਨਾ ਕਰਨਾ ਪਵੇ। ਇਸ ਨਾਲ ਕਮਿਸ਼ਨ ਤੇ ਕੋਈ ਵਿੱਤੀ ਬੋਝ ਨਹੀਂ ਪਵੇਗਾ।

**Agenda Item No. 9: Recommendation for increasing the amount of Shagan Scheme and other financial help to be provided to the Minorities due to Covid-19.**

**PSMC, Resolution (Decision) dated 30.12.20**

ਕਮਿਸ਼ਨ ਦੀ ਪਿਛਲੀ ਮਿਤੀ 19-10-2020 ਨੂੰ ਹੋਈ ਮੀਟਿੰਗ ਵਿਚ ਲਏ ਗਏ ਫੈਸਲੇ ਅਨੁਸਾਰ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਨੂੰ ਪੱਤਰ ਨੰ: 984 ਮਿਤੀ 9.12.20 ਰਾਹੀਂ ਲਿਖਿਆ ਗਿਆ ਸੀ ਕਿ ਸ਼ਗਨ ਸਕੀਮ ਤਹਿਤ ਮਿਲਦੇ 21,000/-ਰੁਪਏ ਦੀ ਬਜਾਏ 51,000 ਰੁਪਏ ਕੀਤੇ ਜਾਣ। ਪਰੰਤੂ ਅਜੇ ਤੱਕ ਇਸ ਬਾਰੇ ਕੋਈ ਫੈਸਲਾ ਨਹੀਂ ਲਿਆ ਗਿਆ। ਮੀਟਿੰਗ ਵਿਚ ਕਮਿਸ਼ਨ ਵੱਲੋਂ ਦੁਬਾਰਾ ਵਿਚਾਰ ਕੀਤਾ ਗਿਆ ਅਤੇ ਮਤਾ ਪਾਸ ਕੀਤਾ ਗਿਆ ਕਿ ਸਮਾਜਿਕ ਨਿਆਂ,ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਨੂੰ ਮੁੜ ਲਿਖਿਆ ਜਾਵੇ ਕਿ ਇਸ ਮਾਮਲੇ ਨੂੰ ਪ੍ਰਾਥਮਿਕਤਾ ਦਿੱਤੀ ਜਾਵੇ ਅਤੇ ਸ਼ਗਨ ਸਕੀਮ ਦੀ ਰਕਮ ਵਿਚ ਵਾਧਾ ਕੀਤਾ ਜਾਵੇ।

**Agenda Item No. 10- Grant of benefit of Dr. B.R. Ambadkar Post-Matric Scholarship Scheme also to the students of minorities.**

ਕਮਿਸ਼ਨ ਦੀ ਪਿਛਲੀ ਮਿਤੀ 19-10-2020 ਨੂੰ ਹੋਈ ਮੀਟਿੰਗ ਵਿਚ ਲਏ ਗਏ ਫੈਸਲੇ ਅਨੁਸਾਰ ਮਾਨਯੋਗ ਮੁੱਖ ਮੰਤਰੀ ਜੀ ਨੂੰ ਚੇਅਰਮੈਨ ਜੀ ਵੱਲੋਂ ਜ਼ਾਰੀ ਕੀਤੇ ਪੱਤਰ ਨੰ: 778, ਮਿਤੀ 4.11.2020 ਰਾਹੀਂ ਬੇਨਤੀ ਕੀਤੀ ਸੀ ਕਿ ਦਲਿਤ ਵਿਦਿਆਰਥੀਆਂ ਦੀ ਤਰਜ਼ ਤੇ ਘੱਟ ਗਿਣਤੀ ਭਾਈਚਾਰਿਆਂ ਦੇ ਵਿਦਿਆਰਥੀਆਂ ਨੂੰ ਵੀ **ਬੀ.ਆਰ. ਅੰਬੇਦਕਰ ਪੋਸਟ-ਮੈਟਰਿਕ ਸਕਾਲਰਸ਼ਿਪ ਸਕੀਮ** ਦੇ ਲਾਭ ਦਿੱਤਾ ਜਾਵੇ। ਮੀਟਿੰਗ ਵਿਚ ਇਸ ਮਾਮਲੇ ਤੇ ਮੁੜ ਵਿਚਾਰ ਕੀਤਾ ਗਿਆ ਅਤੇ ਮਤਾ ਪਾਸ ਕੀਤਾ ਗਿਆ ਕਿ ਮਾਨਯੋਗ ਮੁੱਖ ਮੰਤਰੀ ਜੀ ਨੂੰ ਇਸ ਮਾਮਲੇ ਸਬੰਧੀ ਦੁਬਾਰਾ ਬੇਨਤੀ ਕਰ ਦਿੱਤੀ ਜਾਵੇ।

ਮੀਟਿੰਗ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ।

Emanual Nahar

( ਪ੍ਰੋ:ਇੰਮਾਨੂੰਏਲ ਨਾਹਰ)
ਚੇਅਰਮੈਨ